# ਪੰਜਾਬ ਲੋਕ ਸੇਵਾ ਕਮਿਸ਼ਨ

## ਪੰਜਾਬੀ ਲਾਜ਼ਮੀ (ਮੇਨਜ਼)

ਕੁੱਲ ਅੰਕ 100
ਸਮਾਂ 03 ਘੰਟੇ

ਨੋਟ:

i. ਪ੍ਰਸ਼ਨ ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਭਾਗ ੳ ਅਤੇ ਭਾਗ ਅ।
ii. ਸਾਰੇ ਪ੍ਰਸ਼ਨ ਹੱਲ ਕਰਨੇ ਹਨ।
iii. ਹਰੇਕ ਪ੍ਰਸ਼ਨ ਦੇ ਅੰਕ, ਪ੍ਰਸ਼ਨ ਸਾਹਮਣੇ ਦਰਜ ਕੀਤੇ ਗਏ ਹਨ।

### ਭਾਗ-ੳ

1) ਨਿਮਨ-ਲਿਖਿਤ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

ਕੇਵਲ ਸਾਹਿਤ ਦੇ ਮਾਧਿਅਮ ਦੁਆਰਾ ਹੀ ਨਹੀਂ, ਸਗੋਂ ਟੈਗੋਰ ਨੇ ਵਿਦਿਅਕ ਖੇਤਰ ਵਿੱਚ ਵੀ ਪ੍ਰਯੋਗ ਕਰਕੇ ਲਾਸਾਨੀ ਵਿਦਿਅਕ ਪ੍ਰਣਾਲੀ ਪੇਸ਼ ਕੀਤੀ। ਉਸਨੇ ਆਪਣਾ ਸੰਦੇਸ਼ ਆਪਣੀ ਬੋਲੀ ਵਿੱਚ ਦੇਣ ਦਾ ਬੀੜਾ ਚੁੱਕਿਆ। ਉਹ ਉਨ੍ਹਾਂ ਸੰਸਥਾਵਾਂ ਨੂੰ ਨਫ਼ਰਤ ਕਰਦਾ ਸੀ, ਜਿਥੇ ਮਾਂ ਬੋਲੀ ਵਿੱਚ ਫੁੱਟਦੇ, ਬੱਚਿਆਂ ਦੇ ਮੌਲਿਕ ਵਿਚਾਰਾਂ ਨੂੰ ਵਿਗਸਣ ਨਹੀਂ ਸੀ ਦਿੱਤਾ ਜਾਂਦਾ। ਉਹ ਨਹੀਂ ਸੀ ਚਾਹੁੰਦਾ ਕਿ ਬੱਚੇ ਪੱਥਰ ਦੇ ਬੁੱਤ ਬਣੇ, ਜਮਾਤਾਂ ਵਿੱਚ, ਅਜਾਇਬਘਰ ਦੀਆਂ ਵਸਤਾਂ ਵਾਂਗ ਹੋਣ। ਉਹ ਕੁਦਰਤ ਨੂੰ ਸਭ ਤੋਂ ਵੱਡਾ ਅਧਿਆਪਕ ਮੰਨਦਾ ਸੀ। ਕੁਦਰਤੀ ਨਜ਼ਾਰਿਆਂ ਵਿੱਚ ਖਿੱਲੀਆਂ ਪਾਉਂਦੇ, ਮੀਂਹ ਵਿੱਚ ਨੰਗ-ਧੜੰਗ ਭੱਜਦੇ ਫਿਰਦੇ ਅਤੇ ਮੋਹ-ਪਿਆਰ ਦੀਆਂ ਤੰਦਾਂ ਵਲਾਉਂਦੇ ਬੱਚਿਆਂ ਨੂੰ ਵੇਖ ਕੇ ਉਹ ਫੁਲਿਆ ਨਹੀਂ ਸੀ ਸਮਾਉਂਦਾ। ਉਹ ਚਾਹੁੰਦਾ ਸੀ ਕਿ ਹਰ ਨਵੀਂ ਸਵੇਰ, ਬੱਚਿਆਂ ਨੂੰ ਜ਼ਿੰਦਗੀ ਦੇ ਨਵੀਨ ਪਹਿਲੂਆਂ ਬਾਰੇ ਪ੍ਰੇਰਣਾ ਦੇਵੇ ਕਿਉਂਕਿ ਸਮੇਂ ਅਨੁਸਾਰ ਪਰਿਵਰਤਨ ਸਿਰਜਣਾਤਮਕਤਾ ਦਾ ਸੂਚਕ ਹੁੰਦਾ ਹੈ, ਇਸ ਦੁਆਰਾ ਸਭਿਆਚਾਰ ਨਰੋਆ ਰਹਿੰਦਾ ਹੈ।

(ੳ) ਟੈਗੋਰ ਨੇ ਕੀ ਬੀੜਾ ਚੁੱਕਿਆ ਸੀ ?
(ਅ) ਉਹ ਕਿਹੜੀਆਂ ਸੰਸਥਾਵਾਂ ਨੂੰ ਨਫ਼ਰਤ ਕਰਦਾ ਸੀ ?
(ੲ) ਟੈਗੋਰ ਦੀ ਦ੍ਰਿਸ਼ਟੀ ਵਿੱਚ ਸਭ ਤੋਂ ਵੱਡਾ ਅਧਿਆਪਕ ਕੌਣ ਹੈ ?
(ਸ) ਸਭਿਆਚਾਰ ਕਿਸ ਕਾਰਨ ਕਰਕੇ ਨਰੋਆ ਰਹਿੰਦਾ ਹੈ ?
(ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ? (10 ਅੰਕ)

2) ਹੇਠ ਲਿਖੇ ਪੈਰ੍ਹੇ ਦੀ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰ ਕੇ ਢੁੱਕਵਾਂ ਸਿਰਲੇਖ ਦਿਓ:

ਵਿਕਾਰ ਮਨੁੱਖੀ ਆਵੇਗ ਹਨ। ਅੰਤਰਿਕ ਆਵੇਗਾਂ ਨਾਲ ਮਨ ਦੀਆਂ ਸਹਿਜ ਪ੍ਰਵਿਰਤੀਆਂ ਬਣਦੀਆਂ ਹਨ। ਸਰੀਰ ਦੀ ਬਣਤਰ ਅਜਿਹੀ ਹੈ ਕਿ ਮਾਨਵ ਦੇ ਸਰੀਰ ਦੀਆਂ ਪ੍ਰਵਿਰਤੀਆਂ ਨੂੰ ਆਕਸੀਜਨ ਦੀ ਲੋੜ ਪੈਂਦੀ ਹੈ। ਮਨੁੱਖੀ ਆਵੇਗਾਂ ਕਾਰਨ ਹੀ ਉਸ ਨੂੰ ਭੁੱਖ, ਪਿਆਸ, ਦਰਦ, ਅਨੁਕੂਲਤਾ, ਪ੍ਰਤਿਕੂਲਤਾ ਆਦਿ ਦਾ ਅਨੁਭਵ ਹੁੰਦਾ ਹੈ। ਸਰੀਰ ਵਿਚੋਂ ਭੋਜਨ ਨੂੰ ਹਜ਼ਮ ਕਰਨ ਉਪਰੰਤ, ਫਾਲਤੂ ਮਲ ਦਾ ਨਿਕਾਸ ਹੁੰਦਾ ਹੈ, ਸਾਰੇ ਸਰੀਰ ਵਿੱਚ ਖ਼ੂਨ ਹਰਕਤ ਕਰਦਾ ਹੈ। ਇਹ ਮਾਨਵੀ ਸਰੀਰ ਦੀਆਂ ਸਵੈਚਾਲਕ ਲੋੜਾਂ ਹਨ। ਇਨ੍ਹਾਂ ਵਿੱਚ ਮਨ ਅਜਿਹਾ ਖੇਤਰ ਹੈ, ਜਿਸ ਵਿੱਚ ਇੱਛਾਵਾਂ ਪੈਦਾ ਹੁੰਦੀਆਂ ਹਨ। ਕਿਉਂਕਿ ਮਨੁੱਖ ਸਮਾਜਕ ਪ੍ਰਾਣੀ ਹੈ, ਸੋ ਉਹ ਸਭ ਕੁਝ ਸਮਾਜ ਵਿੱਚ ਰਹਿ ਕੇ ਸਿੱਖਦਾ ਹੈ। ਉਹ ਸਭਿਆ ਬਣਦਾ ਹੈ, ਇਸ ਲਈ ਉਸ ਨੂੰ ਆਪਣੇ ਉਪਰ ਕਾਬੂ ਪਾਉਣ ਦੀ ਸੂਝ ਆਉਂਦੀ ਹੈ, ਜਿਸ ਕਾਰਨ ਸਮਾਜ ਦਾ ਵਿਕਾਸ ਹੁੰਦਾ ਹੈ। ਇਹ ਮਨੁੱਖ ਦੀ ਮੁੱਢਲੀ ਸਹਿਜ ਪ੍ਰਕਿਰਤੀ ਹੈ ਪਰ ਜਿਹੜੇ ਵਿਅਕਤੀ ਅਸਿੱਖਿਅਤ ਰਹਿੰਦੇ ਹਨ, ਉਹ ਸਮਾਜਕ ਅਨੁਸ਼ਾਸਨ ਦੀ ਸੀਮਾ ਦੀ ਉਲੰਘਣਾ ਕਰਦੇ ਰਹਿੰਦੇ ਹਨ ਅਤੇ ਵਿਕਾਰੀ ਬਣ ਜਾਂਦੇ ਹਨ। ਇਵੇਂ ਉਹ ਅਗਿਆਨਤਾ ਕਾਰਨ, ਆਵੇਸ਼ੀ ਭ੍ਰਮਣ ਵਿੱਚ ਕਾਮੀ, ਕਰੋਧੀ, ਲੋਭੀ, ਮੋਹੀ ਅਤੇ ਹੰਕਾਰੀ ਬਣ ਜਾਂਦੇ ਹਨ।

(10 ਅੰਕ)

3) ਹੇਠ ਦਿੱਤੇ ਪੱਤਰਾਂ ਵਿਚੋਂ ਕੋਈ ਇੱਕ ਪੱਤਰ ਲਿਖੋ:

(ੳ) ਪਿਤਾ ਜੀ ਨੂੰ ਚਿੱਠੀ ਲਿਖੋ ਕਿ ਆਪਣੇ ਵਿਆਹ ਵਿੱਚ ਤੁਸੀਂ ਫ਼ਜ਼ੂਲ-ਖਰਚੀ ਰੋਕਣ ਲਈ ਕੀ ਕੀ ਕਰਨਾ ਚਾਹੁੰਦੇ ਹੋ।
(ਅ) ਬੈਂਕ ਮੈਨੇਜਰ ਨੂੰ ਕਰਮਚਾਰੀ ਦੇ ਰੁੱਖੇ ਵਤੀਰੇ ਵਿਰੁੱਧ ਸ਼ਿਕਾਇਤ-ਪੱਤਰ ਲਿਖੋ। (10 ਅੰਕ)

4) ਨਿਮਨ-ਦਰਜ ਵਿਚੋਂ ਕਿਸੇ ਇੱਕ ਵਿਸ਼ੇ ਤੇ (ਲਗਭਗ 400 ਸ਼ਬਦਾਂ ਦਾ) ਲੇਖ ਲਿਖੋ:

(ੳ) ਪੰਜਾਬੀ ਭਾਸ਼ਾ ਅਤੇ ਰੋਜ਼ਗਾਰ (ਅ) ਪੰਜਾਬ ਦੀ ਨਿਮਨ-ਕਿਸਾਨੀ ਦੀਆਂ ਸਮੱਸਿਆਵਾਂ
(ੲ) ਅਣਸੌਂਦੇ ਮਹਿਮਾਨ (ਸ) ਮੀਡੀਆ ਦੀ ਸ਼ਕਤੀ (10 ਅੰਕ)

5) (i) ਨਿਮਨ-ਲਿਖਿਤ ਦਾ ਪੰਜਾਬੀ ਵਿੱਚ ਅਨੁਵਾਦ ਕਰੋ:

Bookish knowledge is useful to some extent. It gives us a background of some human activities in which we are especially interested. We learn all the theoretical details of our favourite subjects. But this knowledge has to be supplemented with other experiences which we can seek only outside the world of books. (5 ਅੰਕ)

(ii) ਨਿਮਨ-ਦਰਜ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ:

(ੳ) ਉਸ ਦੀਆਂ ਗੱਲਾਂ ਵਿੱਚੋਂ ਸ਼ਰਾਰਤ ਦੀ ਬੋ ਆਉਂਦੀ ਹੈ। (ਅ) ਬਿੱਲ ਦੇ ਪੈਸੇ ਕੌਣ ਦੇਵੇਗਾ ?
(ੲ) ਆਓ, ਆਪਣੇ ਮੱਤਭੇਦ ਦੂਰ ਕਰ ਲਈਏ। (ਸ) ਉਸਨੇ ਆਪਣੇ ਦਿਲ ਦੀ ਗੱਲ ਮੈਨੂੰ ਦੱਸੀ।
(ਹ) ਮੈਂ ਉਸ ਦੇ ਹਾਣ ਦਾ ਹਾਂ। (5 ਅੰਕ)

ਪੰਨਾ ਪਰਤੋ ਜੀ

## ਭਾਗ-ਅ

6. (ੳ) ਨਿਮਨ-ਲਿਖਤ ਅਖਾਣਾਂ ਨੂੰ ਵਾਕਾਂ ਵਿੱਚ ਵਰਤੋ :
   (i) ਅੱਜ ਮੇਰੀ ਮੰਗਣੀ, ਕਲ੍ਹ ਮੇਰਾ ਵਿਆਹ।
   (ii) ਟੁੱਟੀਆਂ ਬਾਹਾਂ ਗਲੇ ਨੂੰ ਆਉਂਦੀਆਂ ਨੇ।
   (iii) ਨੂੰਹ ਸੱਸ ਲੜੀਆਂ, ਇਕੋ ਚੌਂਕੇ ਵੜੀਆਂ।
   (iv) ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਹੋਏ।
   (v) ਆਬ ਆਬ ਕਰ ਮੋਇਉਂ ਬੱਚਾ, ਫ਼ਾਰਸੀਆਂ ਘਰ ਗਾਲੇ। (5 ਅੰਕ)

   (ਅ) ਨਿਮਨ-ਲਿਖਤ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :
   (i) ਕਾਇਆ ਪਲਟਣੀ।
   (ii) ਗੱਲ ਮੂੰਹੋਂ ਕੱਢਣੀ।
   (iii) ਬਿੱਲੀ ਨਿੱਛ ਜਾਣੀ।
   (iv) ਮੱਸ ਫੁਟਣੀ।
   (v) ਭਵਾਂਟਣੀਆਂ ਦੇਣੀਆਂ। (5 ਅੰਕ)

7. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:
   ਸਾਂਙੂ, ਗੋਬੀ, ਵੈਹਟੀ, ਛਗਨ, ਗੈਹਣਾ । (5 ਅੰਕ)

8. ਹੇਠ ਲਿਖੇ ਵਾਕਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਬਦਲੋ (ਵਾਕ ਵਟਾਂਦਰਾ) :
   (i) (ਪ੍ਰਸ਼ਨ-ਵਾਚਕ ਵਾਕ ਤੋਂ ਸਰਲ ਵਾਕ ਬਣਾਓ ।)
   ਜੇ ਤੂੰ ਕੰਮ ਨਹੀਂ ਕਰੇਂਗਾ ਤਾਂ ਸਾਨੂੰ ਕੀ ?
   (ii) (ਹਾਂ-ਵਾਚਕ ਵਾਕ ਤੋਂ ਨਾਂਹ-ਵਾਚਕ ਵਾਕ ਬਣਾਓ।)
   ਰਣਜੀਤ ਮਹਿੰਦਰ ਨਾਲੋਂ ਵੱਧ ਬੁਜ਼ਦਿਲ ਹੈ।
   (iii) (ਵਿਸਮਿਕ ਵਾਕ ਤੋਂ ਸਰਲ ਵਾਕ ਬਣਾਓ।)
   ਕਾਸ਼! ਮੈਂ ਵੀ ਗਿਆ ਹੁੰਦਾ।
   (iv) (ਲਿੰਗ ਬਦਲ ਕੇ ਵਾਕ ਬਣਾਓ।)
   ਉਸ ਨੇ ਲਾਲ ਰੰਗ ਦੀ ਪਗੜੀ ਬੰਨ੍ਹੀ ਹੋਈ ਸੀ।
   (v) (ਵਚਨ ਬਦਲ ਕੇ ਵਾਕ ਬਣਓ।)
   ਸ਼ਰਮ ਮਾਰਿਆ ਮੈਂ ਅੰਦਰ ਵੜਿਆ, ਮੂਰਖ ਆਖੇ ਮੈਥੋਂ ਡਰਿਆ। (5 ਅੰਕ)

9. ਵਾਚ ਬਦਲੋ (ਕਰਤਰੀ ਵਾਚ ਤੋਂ ਕਰਮਣੀ ਵਾਚ/ ਕਰਮਣੀ ਵਾਚ ਤੋਂ ਕਰਤਰੀ ਵਾਚ):
   (i) ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ।
   (ii) ਕਹਾਣੀ ਨਾਨੀ ਜੀ ਵੱਲੋਂ ਸੁਣਾਈ ਜਾਵੇਗੀ।
   (iii) ਪੇਂਜੇ ਨੇ ਰੂੰ ਪਿੰਜੀ।
   (iv) ਇਹ ਕਾਰਾ ਉਸ ਤੋਂ ਹੋਇਆ।
   (v) ਅਸੀਂ ਇਹ ਨਿਤਨੇਮ ਕਰਦੇ ਹਾਂ; ਤੜਕੇ ਉਠਦੇ ਹਾਂ, ਇਸ਼ਨਾਨ ਕਰਦੇ ਹਾਂ, ਫਿਰ ਗੁਰਬਾਣੀ ਪੜ੍ਹਦੇ ਹਾਂ। (5 ਅੰਕ)

10 ਵਿਸ਼ਰਾਮ ਚਿੰਨ੍ਹ ਲਗਾਓ:

ਸਾਈਂ ਤੈਨੂੰ ਬੁੱਢ ਸੁਹਾਗਣ ਕਰੇ ਤੂੰ ਤਾਂ ਮੇਰੀ ਪੱਤ ਰੱਖੀ ਹੈ ਧੀਏ ਨਹੀਂ ਨਹੀਂ ਮਾਈ ਇੰਜ ਨਾ ਆਖ ਇਹ ਤਾਂ ਮੇਰਾ ਫ਼ਰਜ਼ ਸੀ ਜੇ ਅੱਜ ਦੇ ਨੌਜਵਾਨ ਹੀ ਆਪਣੇ ਫ਼ਰਜ਼ਾਂ ਤੋਂ ਅਵੇਸਲੇ ਰਹਿਣਗੇ ਤਾਂ ਆਉਣ ਵਾਲੇ ਜੁਆਕਾਂ ਦਾ ਤਾਂ ਬੇੜਾ ਗਰਕ ਹੋ ਜਾਵੇਗਾ ਸੀਤਾ ਨੇ ਮਾਈ ਨੂੰ ਦਿਲਾਸਾ ਦੇਂਦਿਆਂ ਆਖਿਆ ਮਾਈ ਰਾਮ ਰਾਮ ਕਰਦੀ ਡੰਗੋਰੀ ਨੂੰ ਸੰਭਾਲਦੀ ਬੁਚਕੀ ਸਿਰ 'ਤੇ ਟਿਕਾਈ ਹੌਲੀ ਹੌਲੀ ਤੁਰ ਪਈ (5 ਅੰਕ)

11. ਹੇਠ ਲਿਖੇ ਅਗੇਤਰ ਲਾ ਕੇ ਸ਼ਬਦ ਬਣਾਓ:
   ਬੇ, ਨਿਰ, ਅਪ, ਬਦ, ਅ । (5 ਅੰਕ)

12. ਹੇਠ ਲਿਖੇ ਪਿਛੇਤਰ ਲਾ ਕੇ ਸ਼ਬਦ ਬਣਾਓ:
   ਹੀਣ, ਦਾਰ, ਹਾਰ, ਇਆਈ, ਸਾਰ । (5 ਅੰਕ)

13. ਨਿਮਨ-ਲਿਖਤ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਬਹੁ-ਅਰਥਕ ਸ਼ਬਦਾਂ ਦੇ ਅਰਥ ਸਪੱਸ਼ਟ ਹੋ ਜਾਣ:
   ਖੱਟੀ, ਤਰ, ਨਜ਼ਰ, ਢਾਲ, ਮੁਰੱਬਾ । (10 ਅੰਕ)

----------